Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਗ਼ਜ਼ਵਾ ਹੁਨੈਨ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹਿਲ੍ ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼, 05 ਸਿਤੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮ ਆਬਾਦ, ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ **ਜੰਗਿ ਹੁਨੈਨ** ਵਿੱਚ ਦੁਸ਼ਮਣ ਦੇ ਤੀਰ ਅੰਦਾਜ਼ਾਂ ਦੀ ਵਜ੍ਹਾ ਨਾਲ ਮੁਸਲਮਾਨਾਂ ਦੀ ਫ਼ੌਜ ਵਿੱਚ ਜਿਹੜੀ **ਭਗਦੜ** ਮਚੀ ਸੀ, ਉਸ ਦੀ ਤਫ਼ਸੀਲ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਸੂਰਤ ਨੂਰ ਦੀ ਆਇਤ 64 ਦੀ ਤਫ਼ਸੀਰ ਵਿੱਚ ਬਿਆਨ ਕਰਦੇ ਹੋਏ ਇਹ ਵਾਕ਼ਿਆ ਬਿਆਨ ਫ਼ਰਮਾਇਆ ਹੈ ਕਿ ਕਿਸ ਤਰ੍ਹਾਂ ਨਬੀ ਦੀ **ਅਤਾਅਤ** (ਆਗਿਆਕਾਰੀ) ਕਰਨੀ ਚਾਹੀਦੀ ਹੈ। ਇਸ ਆਇਤ ਦਾ ਤਰਜਮਾ ਇਹ ਹੈ ਕਿ ਐ ਮੋਮਿਨੋ! ਇਹ ਨਾ ਸਮਝੋ ਕਿ ਰਸੂਲ ਦਾ ਤੁਹਾਡੇ ਵਿੱਚੋਂ ਕਿਸੇ ਨੂੰ ਬੁਲਾਉਣਾ ਅਜਿਹਾ ਹੀ ਹੈ ਜਿਵੇਂ ਕਿ ਤੁਹਾਡੇ ਵਿੱਚੋਂ ਕਿਸੇ ਇੱਕ ਦਾ ਦੂਸਰੇ ਨੂੰ ਬੁਲਾਉਣਾ। ਅੱਲਾਹ ਉਹਨਾਂ ਲੋਕਾਂ ਨੂੰ ਜਾਣਦਾ ਹੈ ਜਿਹੜੇ ਤੁਹਾਡੇ ਵਿੱਚੋਂ ਪਹਿਲੂ ਬਚਾ ਕੇ **ਮਸ਼ਵਰੇ** ਦੀ ਮਜਲਿਸ 'ਚੋਂ ਭੱਜ ਜਾਂਦੇ ਹਨ। ਬਸ ਚਾਹੀਦਾ ਹੈ ਕਿ ਜਿਹੜੇ ਇਸ ਰਸੂਲ ਦੇ ਹੁਕਮ ਦਾ ਵਿਰੋਧ ਕਰਦੇ ਹਨ, ਇਸ ਗੱਲ ਤੋਂ ਡਰਨ ਕਿ ਉਹਨਾਂ ਨੂੰ ਖ਼ੁਦਾ ਵੱਲੋਂ ਕੋਈ **ਆਫ਼ਤ** ਨਾ ਪਹੁੰਚ ਜਾਵੇ ਜਾਂ ਉਹਨਾਂ ਨੂੰ ਕੋਈ ਦਰਦ ਨਾਕ **ਅਜ਼ਾਬ** ਨਾ ਪਹੁੰਚ ਜਾਵੇ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਮਾਮ ਦੀ **ਆਵਾਜ਼** ਦੇ ਮੁਕ਼ਾਬਲੇ ਲੋਕਾਂ ਦੀ ਆਵਾਜ਼ ਕੋਈ ਅਹਿਮੀਅਤ ਨਹੀਂ ਰੱਖਦੀ। ਤੁਹਾਡਾ ਫ਼ਰਜ਼ ਹੈ ਕਿ ਜਦ ਵੀ ਤੁਹਾਡੇ ਕੰਨਾਂ ਵਿੱਚ ਖ਼ੁਦਾ ਦੇ ਰਸੂਲ ਦੀ ਆਵਾਜ਼ ਆਵੇ ਤੁਸੀਂ **ਫ਼ੌਰਨ** ਉਸ 'ਤੇ ਲੱਬੈਕ ਕਰੋ ਅਤੇ ਉਸਦੀ **ਤਾਅਮੀਲ** ਦੇ ਲਈ ਦੌੜ ਪਵੋ। ਇਸ ਦੇ ਵਿੱਚ ਤੁਹਾਡੀ ਤਰੱਕ਼ੀ ਦਾ ਰਾਜ਼ ਲੁਕਿਆ ਹੋਇਆ ਹੈ। ਬਲਕਿ ਜੇਕਰ ਇਨਸਾਨ ਉਸ ਵੇਲੇ ਨਮਾਜ਼ ਵੀ ਪੜ੍ਹ ਰਿਹਾ ਹੋਵੇ ਤਦ ਵੀ ਉਸਦਾ ਫ਼ਰਜ਼ ਹੁੰਦਾ ਹੈ ਕਿ **ਨਮਾਜ਼** ਤੋੜ ਕੇ ਖ਼ੁਦਾ ਦੇ ਰਸੂਲ ਦੀ ਆਵਾਜ਼ ਦਾ ਜਵਾਬ ਦੇਵੇ। ਬਹਰ ਹਾਲ ਨਬੀ ਦੀ ਆਵਾਜ਼ 'ਤੇ ਫ਼ੌਰਨ ਲੱਬੈਕ ਕਹਿਣਾ ਇੱਕ ਜ਼ਰੂਰੀ ਗੱਲ ਹੈ ਬਲਕਿ ਇਮਾਨ ਦੀਆਂ ਨਿਸ਼ਾਨੀਆਂ ਵਿੱਚੋਂ ਇੱਕ ਵੱਡੀ ਨਿਸ਼ਾਨੀ ਹੈ।

ਇੱਕ ਹੋਰ ਮੌਕ਼ੇ 'ਤੇ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਸਲਾਮੀ ਫ਼ੌਜ ਵਿੱਚ **ਭਗਦੜ** ਮੱਚ ਜਾਣ ਦੇ ਵਾਕ਼ੇ ਦੀ **ਤਫ਼ਸੀਲ** ਬਿਆਨ ਕਰਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਸਾਬਿਤ ਕ਼ਦਮੀ** ਦੇ ਬਾਰੇ ਫ਼ਰਮਾਉਂਦੇ ਹਨ ਕਿ ਨੌਬਤ ਇੱਥੋਂ ਤੱਕ ਆ ਪਹੁੰਚੀ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਦੁਆਲੇ ਸਿਰਫ 12 ਸਹਾਬੀ ਬਾਕ਼ੀ ਰਹਿ ਗਏ। ਇਸ ਮੌਕ਼ੇ 'ਤੇ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਘੋੜੇ ਦੀ **ਵਾਗ** ਫੜੀ ਅਤੇ ਅਰਜ਼ ਕੀਤਾ ਕਿ ਹੁਣ ਠਹਿਰਨ ਦਾ ਕੋਈ ਫ਼ਾਇਦਾ ਨਹੀਂ, ਵਾਪਿਸ ਚਲੀਏ ਤਾਂ ਜੋ ਮੁਸਲਮਾਨਾਂ ਦੀ **ਜਮਾਅਤ** ਨੂੰ ਦੁਬਾਰਾ ਜਮ੍ਹਾ ਕਰਕੇ ਹਮਲਾ ਕੀਤਾ

ਜਾ ਸਕੇ। ਪਰ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਖ਼ੁਦਾ ਦੇ ਨਬੀ **ਮੈਦਾਨਿ ਜੰਗ** ‘ਚੋਂ ਪਿੱਠ ਨਹੀਂ ਮੋੜਿਆ ਕਰਦੇ। ਇਹ ਕਹਿ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਘੋੜੇ ਦੀ ਵਾਗ ਚੁੱਕੀ ਅਤੇ ਉਸ ਨੂੰ ਹੋਰ ਵੀ ਅੱਗੇ ਵਧਾ ਦਿੱਤਾ ਅਤੇ ਇਹ **ਸ਼ਿਅਰ** ਪੜ੍ਹਿਆ ਕਿ ਮੈਂ ਖ਼ੁਦਾ ਦਾ ਨਬੀ ਹਾਂ ਅਤੇ ਮੈਂ ਝੂਠਾ ਨਹੀਂ ਹਾਂ ਅਤੇ ਮੈਂ ਜੋ ਅੱਜ ਚਾਰ ਹਜ਼ਾਰ ਤੀਰ ਅੰਦਾਜ਼ਾਂ ਦੇ ਹਮਲੇ ਦੇ ਬਾਵਜੂਦ ਨਹੀਂ ਰੁਕਿਆ ਅਤੇ ਅੱਗੇ ਹੀ ਵਧਦਾ ਚਲਾ ਜਾ ਰਿਹਾ ਹਾਂ ਤਾਂ ਕਿਤੇ ਇਸ **ਨਜ਼ਾਰੇ** ਨੂੰ ਦੇਖ ਕੇ ਤੁਸੀਂ ਇਹ ਨਾ ਸਮਝ ਲੈਣਾ ਕਿ ਮੈਂ ਖ਼ੁਦਾ ਹਾਂ ਜਾਂ ਮੇਰੇ ਵਿੱਚ **ਖ਼ੁਦਾਈ ਸਿਫ਼ਤਾਂ** ਪਾਈਆਂ ਜਾਂਦੀਆਂ ਹਨ, ਨਹੀਂ! ਮੈਂ ਖ਼ੁਦਾ ਨਹੀਂ ਹਾਂ, ਮੈਂ ਉਹੀ ਅਬਦੁਲ ਮੁੱਤਲਿਬ ਦਾ ਬੇਟਾ ਹਾਂ। ਪਰ ਇਹ ਲੋਕ ਖ਼ੁਦਾ ਨੁਮਾ ਵਜੂਦ ਹੁੰਦੇ ਹਨ।

ਇਸ ਮੌਕ਼ੇ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੁਸਲਮਾਨਾਂ ਨੂੰ ਆਵਾਜ਼ ਦੇ ਕੇ ਵਾਪਿਸ ਬੁਲਾਉਣ ਦਾ ਹੁਕਮ ਦਿੱਤਾ ਅਤੇ ਜਦ ਮੁਸਲਮਾਨਾਂ ਨੂੰ ਆਵਾਜ਼ ਦਿੱਤੀ ਗਈ ਤਾਂ ਕੁੱਝ ਹੀ **ਲਮਹਿਆਂ** ਵਿੱਚ **ਮੁਖ਼ਲਿਸ** ਸਹਾਬਾ ਇੰਤਿਹਾਈ ਤੇਜ਼ੀ ਨਾਲ਼ ਵਾਪਿਸ ਮੈਦਾਨਿ ਜੰਗ ਵਿੱਚ ਆ ਗਏ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਸਹਾਬਾ ਦੇ ਇਸ **ਇਖ਼ਲਾਸ** ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਹ ਉਹ ਲੋਕ ਸਨ, ਜਿਨ੍ਹਾਂ ਨੇ ਮੁਹੰਮਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸ ਇਮਾਨ ਤੋਂ ਫ਼ਾਇਦਾ ਚੁੱਕਿਆ ਜਿਸ ਤਰ੍ਹਾਂ ਮੁਹੰਮਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਹ ਸ਼ਾਨ ਸੀ ਕਿ ਚਾਹੇ ਕੈਸਾ ਹੀ **ਖ਼ਤਰਾ** ਹੋਵੇ ਖ਼ੁਦਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਨਜ਼ਰਾਂ ਤੋਂ **ਉਹਲੇ** ਨਹੀਂ ਹੁੰਦਾ ਸੀ, ਇਹੀ ਸ਼ਾਨ ਆਪਣੇ ਆਪਣੇ ਦਰਜੇ ਦੇ ਮੁਤਾਬਿਕ਼ ਸਹਾਬਾ ਵਿੱਚ ਪੈਦਾ ਹੋ ਗਈ।

ਰਿਵਾਇਤਾਂ ਵਿੱਚ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ **ਸਾਬਿਤ ਕ਼ਦਮ** ਰਹਿਣ ਵਾਲ਼ੇ ਸਹਾਬਾ ਅਤੇ ਸਹਾਬੀਆਤ ਦੀ ਤਾਅਦਾਦ ਅਤੇ ਨਾਮ ਵੀ ਮਿਲ਼ਦੇ ਹਨ। ਵੱਖ-ਵੱਖ ਰਿਵਾਇਤਾਂ ਵਿੱਚ ਇਹ ਤਾਅਦਾਦ ਇੱਕ ਸੌ ਤੱਕ ਬਿਆਨ ਕੀਤੀ ਗਈ ਹੈ। ਹਜ਼ਰਤ ਉੱਮਿ ਸੁਲੈਮ ਰਜ਼ਿ ਅੱਲਾਹੁ ਅਨਹਾ ਨੂੰ ਲੋਕਾਂ ਦੇ **ਮੈਦਾਨਿ ਜੰਗ** ‘ਚੋਂ ਭੱਜਣ ਦਾ ਇੰਨਾ ਦੁੱਖ ਸੀ ਕਿ ਆਪ ਰਜ਼ਿ ਅੱਲਾਹੁ ਅਨਹਾ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਅਰਜ਼ ਕੀਤਾ ਕਿ, ਯਾ ਰਸੂਲੁੱਲਾਹ! ਸਾਡੇ ਬਾਅਦ ਜਿਹੜੇ **ਤਲਕ਼ਾ** (ਯਾਨੀ ਮੱਕੇ ਦੇ ਉਹ ਬਾਸ਼ਿੰਦੇ ਜਿਨ੍ਹਾਂ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਹਿਸਾਨ ਕਰਦੇ ਹੋਏ ਮੁਆਫ਼ ਕਰ ਦਿੱਤਾ ਸੀ) ਮਿਲਣ ਉਹਨਾਂ ਨੂੰ ਕ਼ਤਲ ਕਰ ਦਿਓ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਉੱਮਿ ਸੁਲੈਮ! ਯਕ਼ੀਨਨ ਅੱਲਾਹ ਤਆਲਾ ਦੁਸ਼ਮਣ ਦੇ ਮੁਕ਼ਾਬਲੇ ਵਿੱਚ ਕਾਫ਼ੀ ਹੋਇਆ ਅਤੇ ਉਸਨੇ ਅਹਿਸਾਨ ਕੀਤਾ।

ਇੱਕ ਹੋਰ ਬਹਾਦੁਰ ਸਹਾਬੀਆ ਹਜ਼ਰਤ ਉੱਮਿ ਅੱਮਾਰਾ ਰਜ਼ਿ ਅੱਲਾਹੁ ਅਨਹਾ ਤੋਂ ਰਿਵਾਇਤ ਹੈ ਕਿ ਜਦ ਗ਼ਜ਼ਵਾ ਹੁਨੈਨ ਦੇ ਦਿਨ ਲੋਕ ਭੱਜ ਖੜੇ ਹੋਏ ਤਾਂ ਅਸੀਂ ਚਾਰ ਔਰਤਾਂ ਸਾਂ। ਮੇਰੇ ਕੋਲ਼ ਤੇਜ਼ ਕੱਟਣ ਵਾਲ਼ੀ ਤਲਵਾਰ ਸੀ ਅਤੇ ਉੱਮਿ ਸੁਲੈਮ ਦੇ ਕੋਲ਼ ਤੇਜ਼ ਖ਼ੰਜਰ ਸੀ ਅਤੇ ਉਹਨਾਂ ਨੇ ਉਹ ਖ਼ੰਜਰ ਲੱਕ ਦੇ ਨਾਲ਼ ਬੰਨ੍ਹ ਰੱਖਿਆ ਸੀ ਅਤੇ ਉਹ **ਗਰਭਵਤੀ** ਸਨ। ਉਨ੍ਹਾਂ ਦੇ ਇਲਾਵਾ ਦੋ ਹੋਰ **ਖ਼ਵਾਤੀਨ** ਵੀ ਸਨ। ਹਜ਼ਰਤ ਉੱਮਿ ਅੱਮਾਰਾ ਰਜ਼ਿ ਅੱਲਾਹੁ ਅਨਹਾ ਨੇ ਆਵਾਜ਼ ਦਿੱਤੀ ਅਤੇ ਕਿਹਾ ਕਿ ਐ ਅਨਸਾਰ! ਤੁਹਾਡਾ ਫ਼ਰਾਰ ਹੋਣ ਨਾਲ਼ ਕੀ ਤਅੱਲੁਕ਼। ਉਹ ਕਹਿੰਦੀ ਹਨ ਕਿ ਮੈਂ ਹਵਾਜ਼ਨ ਦੇ ਇੱਕ ਸ਼ਖ਼ਸ ਨੂੰ ਦੇਖਿਆ ਜਿਹੜਾ ਝੰਡਾ ਚੁੱਕੇ ਗੰਦਮੀ ਊਠ ‘ਤੇ ਸਵਾਰ ਸੀ। ਉਹ ਮੁਸਲਮਾਨਾਂ ਦੇ ਪਿੱਛੇ ਭੱਜਿਆ ਜਾ ਰਿਹਾ ਸੀ। ਮੈਂ ਉਸ ਦੇ ਸਾਹਮਣੇ ਆਈ ਅਤੇ ਉਸਦੇ ਊਠ ਦੀਆਂ **ਖੁੱਚਾਂ** ‘ਤੇ ਵਾਰ ਕੀਤਾ। ਉਹ ਸਵਾਰ ਆਪਣੀ ਪਿੱਠ ਦੇ ਭਾਰ ਥੱਲੇ ਡਿੱਗ ਗਿਆ ਤਾਂ ਮੈਂ ਉਸ ‘ਤੇ ਹਮਲਾ ਕੀਤਾ ਅਤੇ ਉਸ ‘ਤੇ ਵਾਰ ਕਰਦੀ ਰਹੀ ਇਥੋਂ ਤੱਕ ਕਿ ਉਸ ਨੂੰ ਮੌਤ ਦੀ ਨੀਂਦ ਸੁਆਂ ਦਿੱਤਾ। ਫਿਰ ਮੈਂ ਉਸਦੀ ਤਲਵਾਰ ਲੈ ਲਈ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਈ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਹਾਬਾ ਨੂੰ ਪੁਕਾਰ ਰਹੇ ਸਨ ਅਤੇ ਸਹਾਬਾ ਵਾਪਿਸ ਆ ਰਹੇ ਸਨ ਅਤੇ ਫਿਰ ਮੁਸਲਮਾਨਾਂ ਨੇ ਦੁਸ਼ਮਣ ‘ਤੇ ਹਮਲਾ ਕੀਤਾ ਅਤੇ

ਦੁਸ਼ਮਣ ਇੰਨੀ ਦੇਰ ਹੀ ਠਹਿਰ ਸਕਿਆ ਜਿੰਨੀ ਦੇਰ ਊਠਣੀ ਦੀ ਧਾਰ ਕੱਢੀ ਜਾਂਦੀ ਹੈ। ਮੈਂ ਦੁਸ਼ਮਣ ਦੀ ਅਜਿਹੀ **ਜ਼ਿੱਲਤ** ਭਰੀ ਹਾਰ ਕਦੀ ਨਹੀਂ ਦੇਖੀ, ਉਹ ਮੂੰਹ ਚੁੱਕੇ ਇੱਧਰ ਉੱਧਰ ਭੱਜੇ ਜਾਂਦੇ ਸਨ। ਮੇਰੇ ਬੇਟੇ ਵਾਪਿਸ ਆਏ ਤਾਂ ਉਹਨਾਂ ਦੇ ਕੋਲ਼ **ਕ਼ੈਦੀ** ਸਨ।

ਸਹਾਬਾ ਦੇ ਵਾਪਿਸ **ਪਰਤਣ** 'ਤੇ ਜਦ ਜੰਗ ਜ਼ੋਰਾਂ 'ਤੇ ਸੀ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਜ਼ਰ ਚੁੱਕ ਕੇ ਜੰਗ ਦਾ ਨਜ਼ਾਰਾ ਕੀਤਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵੇਲ਼ੇ ਆਪਣੇ **ਖ਼ੱਚਰ** 'ਤੇ ਸਵਾਰ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੰਗ ਆਪਣੇ ਜ਼ੋਰਾਂ 'ਤੇ ਹੈ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਕੰਕਰ** ਫੜੇ ਅਤੇ ਉਹਨਾਂ ਨੂੰ **ਕਾਫ਼ਿਰਾਂ** ਦੇ ਚਿਹਰੇ ਵੱਲ ਸੁੱਟਿਆ ਅਤੇ ਫ਼ਰਮਾਇਆ ਮੁਹੰਮਦ ਦੇ ਰੱਬ ਦੀ ਕ਼ਸਮ! ਇਹ ਲੋਕ ਹਾਰ ਗਏ। ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਦੇਖਣ ਲੱਗਾ ਤਾਂ ਲੜਾਈ ਉੰਝ ਹੀ ਹੋ ਰਹੀ ਸੀ ਜਿਵੇਂ ਮੈਂ ਦੇਖਦਾ ਸੀ। ਅੱਲਾਹ ਦੀ ਕ਼ਸਮ ਜਿਵੇਂ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਕੰਕਰੀਆਂ** ਸੁੱਟੀਆਂ ਤਾਂ ਕਾਫ਼ਿਰਾਂ ਦੀ ਤੇਜ਼ੀ ਮੱਠੀ ਪੈਣ ਲੱਗੀ ਅਤੇ ਉਹਨਾਂ ਦਾ **ਮੁਆਮਲਾ** ਉਲਟਣ ਲੱਗਾ। ਉਸ ਮੌਕ਼ੇ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇੱਕ ਦੁਆ ਦਾ ਵੀ ਜ਼ਿਕਰ ਮਿਲ਼ਦਾ ਹੈ, ਜਿਹੜੀ ਇਸ ਤਰ੍ਹਾਂ ਹੈ, ਐ ਅੱਲਾਹ! ਮੈਂ ਤੈਨੂੰ ਉਸ ਦਾ ਵਾਸਤਾ ਦਿੰਦਾ ਹਾਂ ਜਿਹੜਾ ਤੂੰ ਮੇਰੇ ਨਾਲ਼ **ਵਾਅਦਾ** ਕੀਤਾ ਸੀ। ਉਹਨਾਂ ਦੇ ਲਈ **ਮੁਨਾਸਿਬ** ਨਹੀਂ ਹੈ ਕਿ ਉਹ ਸਾਡੇ 'ਤੇ ਜਿੱਤ ਪ੍ਰਾਪਤ ਕਰਨ ਅਤੇ ਅਸੀਂ ਹਾਰ ਜਾਈਏ।

ਸ਼ੀਬਾ ਬਿਨ ਉਸਮਾਨ ਇੱਕ ਕ਼ੁਰੈਸ਼ੀ ਸਤਿਕਾਰਯੋਗ ਸ਼ਖ਼ਸ ਸੀ, ਜਿਸ ਦਾ ਬਾਪ ਉਹਦ ਦੀ ਜੰਗ ਵਿੱਚ ਮਾਰਿਆ ਗਿਆ ਸੀ। ਉਹ ਖ਼ੁਦ ਕਿਹਾ ਕਰਦਾ ਸੀ ਕਿ ਚਾਹੇ ਸਾਰਾ ਅਰਬ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦਾ **ਕਲਮਾ** ਪੜ੍ਹ ਲਵੇ ਪਰ ਮੈਂ ਫਿਰ ਵੀ ਮੁਸਲਮਾਨ ਨਹੀਂ ਹੋਵਾਂਗਾ। ਉਹ ਕਹਿੰਦਾ ਹੈ ਕਿ ਜਦ ਮੈਦਾਨਿ ਜੰਗ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਸਿਰਫ਼ ਕੁੱਝ ਆਦਮੀ ਰਹਿ ਗਏ ਤਾਂ ਮੈਂ ਸੋਚਿਆ ਕਿ ਇਹ ਚੰਗਾ ਮੌਕ਼ਾ ਹੈ ਕਿ ਮੈਂ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ (ਨਊਜ਼ੁ ਬਿੱਲਾਹ) **ਕ਼ਤਲ** ਕਰ ਦੇਵਾਂ। ਇਹ ਸੋਚ ਕੇ ਮੈਂ **ਖੱਬੇ ਪਾਸਿਓਂ** ਹਮਲਾ ਕਰਨਾ ਚਾਹਿਆ ਤਾਂ ਉੱਥੇ ਮੈਂ ਅੱਬਾਸ ਨੂੰ ਖੜਾ ਦੇਖਿਆ। ਮੈਂ ਖ਼ਿਆਲ ਕੀਤਾ ਕਿ ਅੱਬਾਸ ਦੀ ਮੌਜੂਦਗੀ ਵਿੱਚ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) 'ਤੇ ਹਮਲਾ ਕਰਨਾ ਮੁਮਕਿਨ ਨਹੀਂ। ਫਿਰ ਮੈਂ **ਖੱਬੇ ਪਾਸਿਓਂ** ਹਮਲਾ ਕਰਨਾ ਚਾਹਿਆ ਤਾਂ ਉਸ ਪਾਸੇ ਅਬੂ ਸੁਫ਼ਯਾਨ ਬਿਨ ਹਾਰਿਸ ਨੂੰ ਖੜਾ ਪਾਇਆ ਤਾਂ ਮੈਂ ਵਾਪਿਸ ਹੋ ਗਿਆ। ਫਿਰ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਪਿੱਛਿਓਂ** ਹਮਲਾ ਕਰਨਾ ਚਾਹਿਆ ਤਾਂ ਮੈਂ ਆਪਣੀ ਅੱਖਾਂ 'ਤੇ ਹੱਥ ਰੱਖ ਕੇ ਵਾਪਿਸ ਭੱਜ ਆਇਆ। ਬਾਅਦ ਵਿੱਚ ਇਹ ਬਿਆਨ ਕਰਦੇ ਹਨ ਕਿ ਮੈਨੂੰ ਅੱਗ ਦੇ **ਸ਼ੋਅਲੇ** ਉਠਦੇ ਹੋਏ ਦਿਖਾਈ ਦਿੱਤੇ ਜਿਹੜੇ ਮੈਨੂੰ **ਭਸਮ** ਕਰਕੇ ਰੱਖ ਦਿੰਦੇ। ਅਜਿਹੇ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਵਾਜ਼ ਦਿੱਤੀ ਕਿ ਐ ਸ਼ੀਬਾ! ਮੇਰੇ ਕੋਲ਼ ਆ। ਇਹ ਕਹਿੰਦੇ ਹਨ ਕਿ ਮੈਂ ਕੋਲ਼ ਆਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ **ਮੁਸਕੁਰਾਏ** ਅਤੇ ਮੇਰੇ ਸੀਨੇ 'ਤੇ ਆਪਣਾ ਹੱਥ ਫੇਰਿਆ ਅਤੇ ਇਹ ਦੁਆ ਕੀਤੀ ਕਿ ਐ ਅੱਲਾਹ **ਸ਼ੈਤਾਨ** ਨੂੰ ਇਸ ਤੋਂ ਦੂਰ ਕਰਦੇ। ਸ਼ੀਬਾ ਕਹਿੰਦੇ ਹਨ ਕਿ ਖ਼ੁਦਾ ਦੀ ਕ਼ਸਮ! ਉਸੇ ਵੇਲ਼ੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਮੈਨੂੰ ਮੇਰੇ ਕੰਨ, ਮੇਰੀਆਂ ਅੱਖਾਂ ਅਤੇ ਮੇਰੀ ਜਾਨ ਤੋਂ ਵੀ ਜ਼ਿਆਦਾ **ਪਿਆਰੇ** ਹੋ ਗਏ ਅਤੇ ਮੇਰਾ ਸੀਨਾ ਸਾਫ਼ ਹੋ ਗਿਆ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸ਼ੀਬਾ ਨੂੰ ਫ਼ਰਮਾਇਆ ਐ ਸ਼ੀਬਾ ਕਾਫ਼ਿਰਾਂ ਨਾਲ਼ ਜੰਗ ਕਰ। ਉਹ ਬਿਆਨ ਕਰਦੇ ਹਨ ਕਿ ਹੁਣ ਮੈਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬਚਾਅ ਵਿੱਚ ਤਲਵਾਰ ਲੈ ਕੇ ਅੱਗੇ ਵਧਿਆ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤ ਵਿੱਚ ਇੰਝ ਜੰਗ ਕਰਨ ਲੱਗਾ ਕਿ ਜੇਕਰ ਉਸ ਵੇਲ਼ੇ ਮੇਰਾ ਬਾਪ ਵੀ ਮੇਰੇ ਸਾਹਮਣੇ ਆਉਂਦਾ ਤਾਂ ਮੈਂ ਉਸਨੂੰ ਵੀ ਕ਼ਤਲ ਕਰ ਦਿੰਦਾ।

ਇਹ ਵਾਕ਼ਿਆ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਬਿਆਨ ਕੀਤਾ ਹੈ। ਆਪ ਰਜ਼ਿ ਅੱਲਾਹੁ ਅਨਹੁ ਇਹ ਵਾਕ਼ਿਆ ਬਿਆਨ ਕਰਕੇ ਫ਼ਰਮਾਉਂਦੇ ਹਨ ਕਿ ਇਹ **ਮੁਹੱਬਤ** ਸੀ, ਜਿਸਨੇ ਉਸਦੀ **ਦੁਸ਼ਮਣੀ** ਨੂੰ ਦੂਰ ਕਰ ਦਿੱਤਾ। ਜੰਗ ਦੇ **ਖ਼ਾਤਮੇ** ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਖ਼ੇਮੇ ਵਿੱਚ **ਤਸ਼ਰੀਫ਼ ਫ਼ਰਮਾ** ਸਨ ਕਿ ਸ਼ੀਬਾ ਬਿਨ ਉਸਮਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜ਼ਿਆਰਤ ਦੇ ਲਈ ਹਾਜ਼ਿਰ ਹੋਏ। ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੋ ਕੁੱਝ ਤੂੰ ਉਸ ਵੇਲ਼ੇ ਸੋਚ ਰਿਹਾ ਸੀ ਉਸ ਤੋਂ **ਬਿਹਤਰ** ਹੈ ਜਿਹੜਾ ਖ਼ੁਦਾ ਨੇ ਹੁਣ ਤੇਰੇ ਲਈ **ਮੁਕ਼ੱਦਰ** ਕਰ ਦਿੱਤਾ ਹੈ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸ਼ੀਬਾ ਨੂੰ ਉਹ ਸਾਰੀਆਂ ਗੱਲਾਂ ਦੱਸੀਆਂ ਜਿਹੜਾ ਸ਼ੀਬਾ ਮੈਦਾਨਿ ਜੰਗ ਵਿੱਚ ਆਪਣੇ ਦਿਲ ਵਿੱਚ ਸੋਚ ਰਿਹਾ ਸੀ। ਸ਼ੀਬਾ ਨੇ ਆਪਣੇ ਲਈ ਬਖ਼ਸ਼ਿਸ਼ ਦੀ ਦੁਆ ਕੀਤੀ ਅਤੇ **ਦਰਖ਼ਾਸਤ** ਕੀਤੀ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੁਆ ਕੀਤੀ ਕਿ ਅੱਲਾਹ ਤੇਰੀ **ਬਖ਼ਸ਼ਿਸ਼** ਫ਼ਰਮਾਵੇ।

ਇਸੇ ਤਰ੍ਹਾਂ ਨਜ਼ੀਰ ਬਿਨ ਹਾਰਿਸ ਦੀ ਬਦ ਨੀਅਤੀ ਅਤੇ ਉਨ੍ਹਾਂ ਦੇ ਨੇਕ ਅੰਜਾਮ ਦਾ ਵੀ ਜ਼ਿਕਰ ਮਿਲ਼ਦਾ ਹੈ ਕਿ ਮੱਕੇ ਤੋਂ ਜਿਹੜੇ ਲੋਕ ਬਦ ਨੀਅਤੀ ਅਤੇ ਬਦ ਇਰਾਦਿਆਂ ਦੇ ਨਾਲ਼ ਹੁਨੈਨ ਦੀ ਫ਼ੌਜ ਵਿੱਚ ਸ਼ਾਮਿਲ ਹੋਏ ਸਨ ਬਾਅਦ ਵਿੱਚ ਅਕਸਰ ਇਸ ਗੱਲ ਦਾ **ਇਜ਼ਹਾਰ** ਕਰਿਆ ਕਰਦੇ ਸਨ ਕਿ ਅੱਲਾਹ ਦਾ **ਸ਼ੁਕਰ** ਹੈ ਕਿ ਅਸੀਂ ਉਸ **ਸ਼ਿਰਕ** 'ਤੇ ਨਹੀਂ ਮਰੇ, ਜਿਸ 'ਤੇ ਸਾਡੇ ਬਾਪ ਦਾਦੇ ਸਨ। ਉਹਨਾਂ ਦਾ ਇਸਲਾਮ ਬਹੁਤ ਚੰਗਾ ਰਿਹਾ, ਇਹ ਹਿਜਰਤ ਕਰਕੇ ਮਦੀਨੇ ਚਲੇ ਗਏ ਅਤੇ ਫਿਰ ਉੱਥੋਂ **ਜਿਹਾਦ** ਦੇ ਮਕ਼ਸਦ ਨਾਲ਼ ਸ਼ਾਮ ਦੇ ਵੱਲ ਚਲੇ ਗਏ ਅਤੇ 15 ਹਿਜਰੀ ਵਿੱਚ **ਜੰਗਿ ਯਰਮੂਕ** ਵਿੱਚ **ਸ਼ਹਾਦਤ** ਪਾਈ। ਬਾਕ਼ੀ ਇੰਨਸ਼ਾ ਅੱਲਾਹ ਤਆਲਾ ਆਇੰਦਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِی الْقُرْبٰی وَيَنْهٰی عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞